# ਸੜਕ ਸੂਰੱਖਿਆ ਹਫਤੇ ਦੀ ਸੰਪੰਨਤਾ

ਅੱਜ ਮਿਤੀ 17 ਜਨਵਰੀ 2023 ਨੂੰ ਸ਼ਹੀਦ ਕੈਪਟਨ ਅਮਰਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਜੀਠਾ ਵਿਖੇ ਸੜਕ ਸੁਰੱਖਿਆ ਹਫਤੇ ਦੀ ਸੰਪਨਤਾ ਸਬੰਧੀ ਇਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸੁਰੱਖਿਅਤ ਪੰਜਾਬ ਸੋਹਣਾ ਪੰਜਾਬ ਦੇ ਨਾਅਰੇ ਹੇਠ ਮਿਤੀ 11 ਜਨਵਰੀ ਤੋਂ 17 ਜਨਵਰੀ 2023 ਤੱਕ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਦੀ ਅਗਵਾਈ ਹੇਠ ਮਨਾਇਆ ਜਾ ਰਿਹਾ ਸੀ। ਅਤੇ ਇਸ ਪ੍ਰੋਗਰਾਮ ਦੀ ਸੰਪੂਰਨਤਾ ਕਰਦੇ ਹੋਏ ਸਰ: ਸੀ: ਸੈ: ਸਮਾਰਟ ਸਕੂਲ ਮਜੀਠਾ ਵਿਖੇ ਮਾਨਯੋਗ SDM ਮਜੀਠਾ ਸ਼੍ਰੀਮਤੀ ਹਰਨੂਰ ਕੌਰ ਢਿੱਲੋਂ ਦੀ ਅਗਵਾਈ ਹੇਠ ਸੰਪੰਨਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਸ੍ਰੀ ਜਸਵੀਰ ਸਿੰਘ ਗਿੱਲ ਜੀ ਗਾਈਡੈਂਸ ਕਾਊਂਸਰ ਨੇ ਬੱਚਿਆ ਨੂੰ ਜੀਵਨ ਦੀ ਅਹਿਮੀਅਤ ਸਮਝਾਉਦੇ ਹੋਏ ਸੜਕ ਸੁਰੱਖਿਆ ਅਤੇ ਟ੍ਰੈਂਫਿਕ ਸੰਬੰਧੀ ਸੰਖੇਪ ਪਰ ਬਹੁਤ ਕੀਮਤੀ ਜਾਣਕਾਰੀ ਦਿੱਤੀ। ਮਾਨਯੋਗ SDM ਮਜੀਠਾ ਸ਼੍ਰੀਮਤੀ ਹਰਨੂਰ ਕੌਰ ਢਿੱਲੋ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਸੜਕ ਸੁਰੱਖਿਆ ਸਬੰਧੀ ਹਾਜ਼ਰੀ ਨੂੰ ਸੰਬੋਧਿਤ ਕੀਤਾ।ਉਪਰੰਤ ਸਕੂਲ ਦੇ ਬੱਚਿਆ ਵੱਲੋ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕਤਾ ਪੈਦਾ ਕਰਨ ਹਿੱਤ ਮਜੀਠਾ ਦੇ ਬਜ਼ਾਰਾ ਵਿਚੋਂ ਕੱਢੀ ਰੈਲੀ ਨੂੰ SDM ਜੀ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਪ੍ਰਿਸੀਪਲ ਸ਼੍ਰੀਮਤੀ ਮੋਨਾ ਕੌਰ ਜੀ ਨੇ ਸਕੂਲ ਵਿਚ ਪਹੁੰਚੇ ਅਧਿਕਾਰੀ ਸਹਿਬਾਨਾਂ ਦਾ ਧੰਨਵਾਦ ਕੀਤਾ।




SCHOOL CANTEEN
STOP
ਪੁਲਿਸ ਕਮਿਸ਼ਨਰੇਟ ਅੰਮ੍ਰਿਤਸਰ
ਸੜਕ ਸੁਰੱਖਿਆ
ਜੀਵਨ ਰੱਖਿਆ
ਰੋਡ ਸੇਫਟੀ ਹਫ਼ਤਾ: ਟ੍ਰੈਫਿਕ ਪੁਲਿਸ ਕਮਿਸ਼ਨਰੇਟ ਅੰਮ੍ਰਿਤਸਰ